*ਨਵੰਬਰ 2007*

# ਸਿੰਪਲੀਫਾਇਡ ਟਰਾਇਲ (ਸਰਲ ਮੁਕੱਦਮਾ)
# ਰਿਚਮੰਡ ਸਮਾਲ ਕਲੇਮਜ਼ ਕੋਰਟ ਪਾਇਲਟ – ਰੂਲ 9.1

ਇਹ ਤੱਥ ਸ਼ੀਟ ਸਿੰਪਲੀਫਾਇਡ ਟਰਾਇਲਜ਼ (ਸਰਲ ਮੁਕੱਦਮਿਆਂ) ਬਾਰੇ ਅਤੇ ਉਨ੍ਹਾਂ ਲਈ ਤਿਆਰੀ ਕਰਨ ਬਾਰੇ ਜਾਣਕਾਰੀ ਦਿੰਦੀ ਹੈ। ਸਿੰਪਲੀਫਾਇਡ ਟਰਾਇਲ ਇਕ ਨਵੀਂ ਕਾਰਵਾਈ ਹੈ ਜੋ ਕਿ ਰਿਚਮੰਡ ਸਮਾਲ ਕਲੇਮਜ਼ ਕੋਰਟ ਵਿਚ ਚੱਲ ਰਹੇ ਇਕ ਸੂਬਾਈ ਸਮਾਲ ਕਲੇਮਜ਼ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਕੀਤੀ ਗਈ ਹੈ। ਇਹ ਪਾਇਲਟ ਪ੍ਰੋਜੈਕਟ ਅਦਾਲਤੀ ਸੁਧਾਰ ਕਰਨ ਲਈ ਸੂਬਾਈ ਅਦਾਲਤ ਅਤੇ ਸੂਬਾਈ ਸਰਕਾਰ ਦਾ ਇਕ ਸਾਂਝਾ ਉੱਦਮ ਹੈ।

### *ਸਿੰਪਲੀਫਾਇਡ ਟਰਾਇਲ ਕੀ ਹੈ?*

ਸਿੰਪਲੀਫਾਇਡ ਟਰਾਇਲ ਕਿਸੇ ਤਜਰਬੇਕਾਰ ਵਕੀਲ, ਜੋ ਕਿ ਜਸਟਿਸ ਆਫ ਪੀਸ ਹੁੰਦਾ ਹੈ ਅਤੇ ਉਸ ਨੂੰ ਅਡਜੂਡੀਕੇਟਰ ਵੀ ਆਖਿਆ ਜਾਂਦਾ ਹੈ, ਅੱਗੇ ਇਕ ਘੰਟੇ ਦਾ ਸਰਲ ਮੁਕੱਦਮਾ ਹੈ। ਨਵੰਬਰ 2007 ਤੋਂ, ਰਿਚਮੰਡ ਸਮਾਲ ਕਲੇਮਜ਼ ਕੋਰਟ ਵਿਚ ਦਾਖਲ ਕੀਤੇ ਗਏ 5000 ਡਾਲਰ ਤੱਕ ਦੇ ਕਲੇਮ, ਜਿਨ੍ਹਾਂ ਵਿਚ ਨਿੱਜੀ ਸੱਟਾਂ ਦੇ ਕਲੇਮ ਸ਼ਾਮਲ ਨਹੀਂ ਹਨ, ਸਿੰਪਲੀਫਾਇਡ ਟਰਾਇਲ ਵਿਚ ਸੁਣੇ ਜਾਣਗੇ।

### *ਸਿੰਪਲੀਫਾਇਡ ਟਰਾਇਲ ਤੋਂ ਪਹਿਲਾਂ ਮੈਨੂੰ ਕੀ ਕਰਨਾ ਪੈਣਾ ਹੈ?*

ਰਿਚਮੰਡ ਕੋਰਟ ਰਜਿਸਟਰੀ ਤੁਹਾਨੂੰ ਸਿੰਪਲੀਫਾਇਡ ਟਰਾਇਲ (ਸਰਲ ਮੁਕੱਦਮੇ) ਦਾ ਨੋਟਿਸ ਡਾਕ ਰਾਹੀਂ ਭੇਜੇਗੀ, ਜਿਸ ਵਿਚ ਤੁਹਾਡੇ ਮੁਕੱਦਮੇ ਦੀ ਤਰੀਕ ਲਿਖੀ ਹੋਈ ਹੋਵੇਗੀ ਅਤੇ ਮੁਕੱਦਮੇ ਲਈ ਬਿਆਨ ਦਾ ਫਾਰਮ (ਫਾਰਮ 33) ਹੋਵੇਗਾ।

ਮੁਕੱਦਮੇ ਦਾ ਬਿਆਨ (ਟਰਾਇਲ ਸਟੇਟਮੈਂਟ) ਇਕ ਫਾਰਮ ਹੈ ਜਿਸ ਵਿਚ ਤੁਹਾਡੇ ਕੇਸ ਦਾ ਖੁਲਾਸਾ ਦੱਸਿਆ ਜਾਂਦਾ ਹੈ। ਸਿੰਪਲੀਫਾਇਡ ਟਰਾਇਲ ਤੋਂ ਪਹਿਲਾਂ ਅਡਜੂਡੀਕੇਟਰ ਤੁਹਾਡੇ ਵਲੋਂ ਅਤੇ ਦੂਜੀਆਂ ਧਿਰਾਂ ਵਲੋਂ ਭਰੇ ਗਏ ਬਿਆਨਾਂ ’ਤੇ ਵਿਚਾਰ ਕਰੇਗਾ। ਆਪਣੇ ਸਿੰਪਲੀਫਾਇਡ ਟਰਾਇਲ ਤੋਂ **ਘੱਟੋ ਘੱਟ 14 ਦਿਨ ਪਹਿਲਾਂ**, ਤੁਹਾਨੂੰ ਕੋਰਟ ਰਜਿਸਟਰੀ ਵਿਖੇ ਆਪਣਾ ਬਿਆਨ ਜ਼ਰੂਰ ਦਾਖਲ ਕਰਵਾਉਣਾ ਪਵੇਗਾ। ਸਿੰਪਲੀਫਾਇਡ ਟਰਾਇਲ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਤੁਹਾਨੂੰ ਮੁਕੱਦਮੇ ਦਾ ਆਪਣਾ ਬਿਆਨ ਦੂਜੀਆਂ ਧਿਰਾਂ ਨੂੰ ਪਹੁੰਚਾਉਣਾ ਪਵੇਗਾ।

ਆਪਣਾ ਮੁਕੱਦਮੇ ਦਾ ਬਿਆਨ ਭਰਨ ਲਈ ਫਾਰਮ ’ਤੇ ਦਿੱਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰੋ। ਤੁਸੀਂ ਇਹ ਫਾਰਮ www.gov.bc.ca ਵੈੱਬਸਾਈਟ ਤੋਂ ਵੀ ਲੈ ਸਕਦੇ ਹੋ – ਸਰਚ ਬਾਰ ਵਿਚ “ਕੋਰਟ ਸਰਵਿਸਿਜ਼” ਟਾਇਪ ਕਰੋ। ਤੁਹਾਨੂੰ ਤਰੀਕ ਮੁਤਾਬਕ ਤੱਥਾਂ ਦਾ ਬਿਆਨ ਵੀ ਨਾਲ ਲਾਉਣਾ ਪਵੇਗਾ (ਜਿਸ ਤਰਤੀਬ ਨਾਲ ਚੀਜ਼ਾਂ ਹੋਈਆਂ), ਕਲੇਮ ਕੀਤੀ ਗਈ ਰਕਮ ਦਾ ਹਿਸਾਬ-ਕਿਤਾਬ, ਢੁਕਵੇਂ ਪੇਪਰਾਂ ਦੀਆਂ ਕਾਪੀਆਂ, ਅਤੇ ਉਨ੍ਹਾਂ ਗਵਾਹਾਂ ਦੀ ਲਿਸਟ ਵੀ ਦੇਣੇ ਪੈਣਗੇ ਜਿਨ੍ਹਾਂ ਨੂੰ ਤੁਸੀਂ ਸੱਦਣ ਦਾ ਇਰਾਦਾ ਰੱਖਦੇ ਹੋ ਅਤੇ ਸੰਖੇਪ ਵਿਚ ਇਹ ਦੱਸਣਾ ਪਵੇਗਾ ਕਿ ਹਰ ਗਵਾਹ ਕੀ ਦੱਸੇਗਾ।

ਆਪਣੇ ਸਿੰਪਲੀਫਾਇਡ ਟਰਾਇਲ ਲਈ ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਤੁਹਾਨੂੰ ਦੋਭਾਸ਼ੀਏ ਦਾ ਪਹਿਲਾਂ ਹੀ ਪ੍ਰਬੰਧ ਕਰਨਾ ਪਵੇਗਾ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਰਿਚਮੰਡ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ।

### *ਸਿੰਪਲੀਫਾਇਡ ਟਰਾਇਲ ਕਿਵੇਂ ਚਲਾਇਆ ਜਾਂਦਾ ਹੈ?*

ਸਿੰਪਲੀਫਾਇਡ ਟਰਾਇਲ ਦੇ ਸ਼ੁਰੂ ਵਿਚ ਅਡਜੂਡੀਕੇਟਰ ਤੁਹਾਨੂੰ ਇਹ ਸੌਂਹ ਚੁੱਕਣ ਜਾਂ ਪ੍ਰਤਿੱਗਿਆ ਕਰਨ ਲਈ ਕਹੇਗਾ ਕਿ ਤੁਸੀਂ ਸੱਚ ਦੱਸੋਗੇ। ਤੁਹਾਨੂੰ ਕਲੇਮ ਨਾਲ ਸੰਬੰਧਿਤ ਸਚਾਈ ਦੱਸਣ ਲਈ, ਉਹ ਪੇਪਰ ਦਾਖਲ ਕਰਵਾਉਣ ਲਈ ਜਿਨ੍ਹਾਂ ’ਤੇ ਤੁਸੀਂ ਨਿਰਭਰ ਕਰਦੇ ਹੋ ਅਤੇ ਦੂਜੀ ਧਿਰ ਦਾ ਜਵਾਬ ਦੇਣ ਲਈ ਕਿਹਾ ਜਾਵੇਗਾ। ਅਡਜੂਡੀਕੇਟਰ ਤੁਹਾਡੇ ਤੋਂ ਸਵਾਲ ਪੁੱਛ ਸਕਦਾ ਹੈ, ਆਪਣੇ ਮੁਕੱਦਮੇ ਦੇ ਬਿਆਨਾਂ ਦੀ ਸਚਾਈ ਦੀ ਸਹੁੰ ਖਾਣ ਲਈ ਕਹਿ ਸਕਦਾ ਹੈ, ਗਵਾਹਾਂ ਨੂੰ ਆਗਿਆ ਦੇ ਸਕਦਾ ਹੈ, ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਦੂਜੀ ਧਿਰ ਤੋਂ ਸਵਾਲ ਪੁੱਛਣ ਦੀ ਆਗਿਆ ਦੇਵੇਗਾ ਅਤੇ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਆਪਣੀ ਗੱਲ ਕਹਿਣ ਦੀ ਆਗਿਆ ਦੇਵੇਗਾ।

ਬਹੁਤੇ ਕੇਸਾਂ ਵਿਚ, ਅਡਜੂਡੀਕੇਟਰ ਮੁਕੱਦਮੇ ਦੇ ਅੰਤ ਵਿਚ ਆਪਣਾ ਫੈਸਲਾ ਮੂੰਹ-ਜ਼ਬਾਨੀ ਸੁਣਾਵੇਗਾ। ਜੇ ਤੁਹਾਨੂੰ ਫੈਸਲਾ ਫੌਰਨ ਨਾ ਮਿਲੇ ਤਾਂ ਫਿਰ ਅਡਜੂਡੀਕੇਟਰ ਕੋਲ ਮੁਕੱਦਮੇ ਦੇ ਖਤਮ ਹੋ ਜਾਣ ਤੋਂ ਬਾਅਦ ਆਪਣਾ ਫੈਸਲਾ ਸੁਣਾਉਣ ਲਈ 30 ਦਿਨ ਹੁੰਦੇ ਹਨ।

### *ਜੇ ਮੈਂ ਸਿੰਪਲੀਫਾਇਡ ਟਰਾਇਲ ਲਈ ਮਿੱਥੀ ਗਈ ਤਰੀਕ ਲਈ ਤਿਆਰ ਨਾ ਹੋਵਾਂ ਜਾਂ ਇਸ ਵਿਚ ਆਉਣ ਦੇ ਸਮਰੱਥ ਨਾ ਹੋਵਾਂ ਤਾਂ ਕੀ ਹੋਵੇਗਾ?*

ਜੇ ਤੁਸੀਂ ਆਪਣੇ ਸਿੰਪਲੀਫਾਇਡ ਟਰਾਇਲ ਲਈ ਮਿੱਥੀ ਗਈ ਤਰੀਕ 'ਤੇ ਨਾ ਆ ਸਕਦੇ ਹੋਵੋ ਤਾਂ ਤੁਸੀਂ ਤਰੀਕ ਬਦਲਣ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਪਹਿਲਾਂ ਸਾਰੀਆਂ ਦੂਜੀਆਂ ਧਿਰਾਂ ਤੋਂ ਤਰੀਕ ਬਦਲੀ ਲਈ ਲਿਖਤੀ ਸਹਿਮਤੀ ਮੰਗਣੀ ਚਾਹੀਦੀ ਹੈ। ਜੇ ਉਹ ਸਹਿਮਤ ਹੋ ਜਾਣ ਤਾਂ ਤੁਸੀਂ ਫਿਰ ਉਨ੍ਹਾਂ ਦੀਆਂ ਲਿਖਤੀ ਸਹਿਮਤੀਆਂ ਨਾਲ ਸਹਿਮਤੀ ਆਰਡਰ ਲੈਣ ਲਈ ਰਿਚਮੰਡ ਕੋਰਟ ਰਜਿਸਟਰੀ ਕੋਲ ਜਾ ਸਕਦੇ ਹੋ।

ਜੇ ਤੁਹਾਡਾ ਸਾਰੀਆਂ ਧਿਰਾਂ ਨਾਲ ਸਮਝੌਤਾ ਨਾ ਹੋ ਸਕੇ ਤਾਂ ਤੁਸੀਂ ਰਜਿਸਟਰਾਰ ਕੋਲ ਅਰਜ਼ੀ (ਫਾਰਮ 16) ਦਰਜ ਕਰਵਾ ਸਕਦੇ ਹੋ। ਅਰਜ਼ੀ ਵਿਚ ਉਸ ਕਾਰਨ ਬਾਰੇ ਜ਼ਰੂਰ ਦੱਸਿਆ ਗਿਆ ਹੋਣਾ ਚਾਹੀਦਾ ਹੈ ਜਿਸ ਕਰਕੇ ਤੁਸੀਂ ਤਰੀਕ ਵਿਚ ਤਬਦੀਲੀ ਕਰਨਾ ਚਾਹੁੰਦੇ ਹੋ ਅਤੇ ਇਹ ਵੀ ਦੱਸਿਆ ਗਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਦੂਜੀਆਂ ਧਿਰਾਂ ਤੋਂ ਉਨ੍ਹਾਂ ਦੀ ਸਹਿਮਤੀ ਮੰਗੀ ਸੀ। ਅਰਜ਼ੀ ਸਿੰਪਲੀਫਾਇਡ ਟਰਾਇਲ ਦੀ ਤਰੀਕ ਤੋਂ **ਘੱਟੋ ਘੱਟ ਸੱਤ (7) ਦਿਨ ਪਹਿਲਾਂ** ਕੋਰਟ ਰਜਿਸਟਰੀ ਕੋਲ ਦਰਜ ਕਰਵਾਈ ਜਾਣੀ ਜ਼ਰੂਰੀ ਹੈ। ਜੇ ਰਜਿਸਟਰਾਰ ਨੇ ਅਰਜ਼ੀ ਮਨਜ਼ੂਰ ਕਰ ਲਈ ਤਾਂ ਤੁਹਾਡੇ ਸਿੰਪਲੀਫਾਇਡ ਟਰਾਇਲ ਲਈ ਇਕ ਨਵੀਂ ਤਰੀਕ ਮਿੱਥੀ ਜਾਵੇਗੀ।

### *ਜੇ ਮੈਂ ਸਿੰਪਲੀਫਾਇਡ ਟਰਾਇਲ ਵਿਚ ਹਾਜ਼ਰ ਨਾ ਹੋਵਾਂ ਕੀ ਹੁੰਦਾ ਹੈ?*

ਜੇ ਤੁਸੀਂ ਸਿੰਪਲੀਫਾਇਡ ਟਰਾਇਲ ਵਿਚ ਹਾਜ਼ਰ ਨਹੀਂ ਹੁੰਦੇ ਅਤੇ ਦਾਅਵੇਦਾਰ ਤੁਸੀਂ ਹੋ ਤਾਂ ਤੁਹਾਡਾ ਕਲੇਮ ਰੱਦ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸਫਾਈ ਦੇਣ ਵਾਲੇ (ਮੁਦਾਲਾ) ਹੋ ਤਾਂ ਤੁਹਾਡੇ ਵਿਰੁੱਧ ਪੈਸਿਆਂ ਦੀ ਅਦਾਇਗੀ ਦਾ ਹੁਕਮ ਕੀਤਾ ਜਾ ਸਕਦਾ ਹੈ।

**ਜ਼ਿਆਦਾ ਜਾਣਕਾਰੀ ਲਈ, ਸਮਾਲ ਕਲੇਮਜ਼ ਰੂਲ 9.1 ਦੇਖੋ**
ਜੋ ਕਿ ਕੋਰਟ ਸਰਵਿਸਿਜ਼ ਬਰਾਂਚ ਦੇ ਵੈੱਬਸਾਈਟ 'ਤੇ ਮੌਜੂਦ ਹੈ: www.gov.bc.ca/ag
ਸਰਚ ਬਾਰ ਵਿਚ "ਕੋਰਟ ਸਰਵਿਸਿਜ਼" ਟਾਇਪ ਕਰੋ
ਜਾਂ ਰਿਚਮੰਡ ਸਮਾਲ ਕਲੇਮਜ਼ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ
ਟੈਲੀਫੋਨ: 604 660-6549 ਫੈਕਸ: 604 660-1797

BRITISH COLUMBIA
Ministry of Attorney General